493

(To be Substituted bearing the same Number and dated)

ਪੰਜਾਬ ਸਰਕਾਰ
ਸਹਿਕਾਰਤਾ ਵਿਭਾਗ
( ਸਹਿਕਾਰਤਾ 1 ਸ਼ਾਖਾ)

ਨੋਟੀਫਿਕੇਸ਼ਨ

ਨੰਬਰ 76/52/79-ਸੀ.1(5)/4342 ਮਿਤੀ ਚੰਡੀਗੜ੍ਹ 2-10-2014

ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰਬਰ 76/52/79-ਸੀ.1(5)/5024 ਮਿਤੀ 11.7.2011 ਦੀ ਨਿਰੰਤਰਤਾ ਵਿਚ ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਨੂੰ ਰਾਜ ਵਿਚ ਹੇਠ ਲਿਖੀਆਂ ਰਿਆਇਤਾਂ ਵਿਚ ਮਿਤੀ 13.8.2019 ਤੱਕ ਵਾਧਾ ਕਰਦੇ ਹਨ :-

The Punjab State Co-op. L & C Federation Ltd.
Diary No. 833
29-1-15
Chandigarh

1. ਕਿਸੇ ਵੀ ਕੀਮਤ ਤੱਕ ਦੇ ਸਾਰੇ ਅਨ-ਸਕਿੱਲਡ ਕੰਮ ਅਤੇ 40.00 ਲੱਖ ਰੁ: ਦੀ ਕੀਮਤ ਤੱਕ ਦੇ ਸਾਰੇ ਸਕਿੱਲਡ ਕੰਮ ਪੀ.ਡਬਲਿਯੂ.ਡੀ. ਦੀ ਹਰ ਬ੍ਰਾਂਚ ਦੇ ਸਬੰਧਤ ਨਿਗਰਾਨ ਇੰਜੀਨੀਅਰ ਵਲੋਂ ਨਿਸ਼ਚਤ ਸੀਲਿੰਗ ਰੇਟਾਂ ਨਾਲ ਟੈਂਡਰਾਂ ਦੁਆਰਾ ਇਨ੍ਹਾਂ ਸਭਾਵਾਂ ਨੂੰ ਹੀ ਦਿੱਤਾ ਜਾਵੇ ਪਰ ਜਿੰਨ੍ਹੀ ਸਮਰੱਥਾ ਤੱਕ ਇਹ ਸਭਾਵਾਂ ਕੰਮ ਕਰ ਸਕਦੀਆਂ ਹੋਣ, ਉਸ ਸਮਰੱਥਾ ਤੱਕ ਦਿੱਤਾ ਜਾਵੇ। ਜੇ ਇਹ ਸਭਾਵਾਂ ਟੈਂਡਰ ਨਾ ਦੇ ਸਕਣ ਜਾਂ ਨਿਸ਼ਚਿਤ ਕੀਤੇ ਸੀਲਿੰਗ ਰੇਟਾਂ ਦੇ ਅੰਦਰ ਅੰਦਰ ਕੰਮ ਨੂੰ ਸਵੀਕਾਰ ਨਾ ਕਰਨ, ਤਾਂ ਅਜਿਹਾ ਕੰਮ ਠੇਕੇਦਾਰਾਂ ਅਤੇ ਸਭਾਵਾਂ ਦੋਨ੍ਹਾਂ ਤੋਂ ਖੁਲ੍ਹੇ ਟੈਂਡਰ ਮੰਗ ਕੇ ਕਰਵਾਇਆ ਜਾਵੇ। 40.00 ਲੱਖ ਰੁ: ਤੱਕ ਦੇ ਪੱਕੇ ਕੰਮਾਂ ਦੇ ਜੋ ਟੈਂਡਰ ਈ-ਟੈਂਡਰਿੰਗ ਪ੍ਰਣਾਲੀ ਰਾਹੀ ਕਾਲ ਕੀਤੇ ਜਾਣਗੇ, ਉਨ੍ਹਾਂ ਟੈਂਡਰਾਂ ਵਿੱਚ ਸਿਰਫ ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਵਿੱਚ ਹੀ ਮੁਕਾਬਲਾ ਕਰਵਾਇਆ ਜਾਵੇਗਾ।

2. ਜੇ ਇੱਕ ਕੰਮ ਲਈ ਇੱਕ ਨਾਲੋਂ ਵੱਧ ਕਿਰਤ ਤੇ ਉਸਾਰੀ ਸਭਾਵਾਂ ਨੇ ਟੈਂਡਰ ਪਾਏ ਹੋਣ, ਤਾਂ ਪ੍ਰਵਾਨ ਹੋਇਆ ਸਭ ਤੋ ਘੱਟ ਰੇਟ ਦੀਆਂ ਦੂਜੀਆਂ ਸਭਾਵਾਂ ਦੀ ਸਮਰੱਥਾ ਤੱਕ ਉਹ ਕੰਮ ਕਰਵਾਉਣ ਲਈ ਉਨ੍ਹਾਂ ਤੇ ਵੀ ਲਾਗੂ ਕੀਤਾ ਜਾਵੇਗਾ ਜੋ ਕੰਮ ਬਚੇਗਾ, ਉਹ ਠੇਕੇਦਾਰਾਂ ਅਤੇ ਸਭਾਵਾਂ ਤੋਂ ਖੁਲ੍ਹੇ ਟੈਂਡਰ ਲੈ ਕੇ ਕਰਵਾਇਆ ਜਾਵੇਗਾ।

3. ਕਿਸੇ ਖਾਸ ਸਰਕਲ ਵਿਚ ਜਿਥੇ ਸੀਲਿੰਗ ਰੇਟ ਅਜੇ ਨਿਸ਼ਚਿਤ ਨਾ ਹੋਏ ਹੋਣ ਤਾਂ ਉਥੇ ਸੀਲਿੰਗ ਰੇਟ ਨਿਸ਼ਚਿਤ ਹੋਣ ਤੱਕ ਇਨ੍ਹਾਂ ਸਭਾਵਾਂ ਨੂੰ ਕੰਮ ਦੇਣ ਵੇਲੇ ਪਹਿਲਾਂ ਵਾਂਗ ਹੀ ਜਾਰੀ ਰੱਖਿਆ ਜਾਵੇਗਾ।

4. 6.50 ਲੱਖ ਰੁ: ਦੇ ਪੱਕੇ ਕੰਮਾਂ ਲਈ ਬਿਆਨਾ ਰਕਮ ਤੋਂ ਸਭਾਵਾਂ ਨੂੰ ਛੋਟ ਦਿੱਤੀ ਜਾਂਦੀ ਹੈ, ਜੋ ਪੱਕੇ ਕੰਮ 6.50 ਲੱਖ ਰੁ: ਤੋਂ ਵੱਧ ਅਤੇ 13.00 ਲੱਖ ਰੁ: ਤੱਕ ਕੀਮਤ ਦੇ ਹੋਣਗੇ, ਉਹਨ੍ਹਾਂ ਕੰਮਾਂ ਲਈ ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਤੋਂ ਵਿਭਾਗ ਵੱਲੋਂ ਤਹਿ ਬਿਆਨਾ ਰਕਮ ਦੀ 25% ਕੀਮਤ ਲਈ ਜਾਵੇਗੀ। ਜੋ ਪੱਕੇ ਕੰਮ 13.00 ਲੱਖ ਰੁ: ਤੋਂ ਵੱਧ ਕੀਮਤ ਦੇ ਹੋਣਗੇ, ਉਨ੍ਹਾਂ ਕੰਮਾਂ ਲਈ ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਤੋਂ ਵਿਭਾਗ ਵੱਲੋਂ ਤਹਿ ਬਿਆਨਾ ਰਕਮ ਦੀ 50% ਰਕਮ ਲਈ ਜਾਵੇਗੀ।

ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਤੋ ਕੋਈ ਬੈਂਕ ਗਰੰਟੀ ਜਾਂ ਸਕਿਉਰਟੀ ਡਿਪਾਜਟ ਨਹੀਂ ਲਈ ਜਾਵੇਗੀ।

5. ਜਦੋਂ ਸਕਿੱਲਡ ਕੰਮ ਅਤੇ ਅਨ-ਸਕਿੱਲਡ ਕੰਮ ਮਿਲਵਾਂ ਹੋਵੇ, ਤਾਂ ਉਸ ਦਾ ਟੈਂਡਰ ਵੱਖ-ਵੱਖ ਲਗਾਉਣ ਦੀ ਜਗ੍ਹਾ ਇੱਕਠਾ ਹੀ ਲਗਾਇਆ ਜਾਵੇਗਾ।

6. ਕਿਰਤ ਸਭਾਵਾਂ ਵੱਲੋਂ ਕੀਤੇ ਕੰਮਾਂ ਦੀ ਅਦਾਇਗੀ ਹਰ ਪੰਦਰਵਾੜ੍ਹੇ ਕੀਤੀ ਜਾਵੇ । ਸਹਿਕਾਰੀ ਤੇ ਕਿਰਤ ਉਸਾਰੀ ਸਭਾਵਾਂ ਦੀਆਂ ਪੇਮੈਂਟਾਂ ਸਿਰਫ ਕੇਂਦਰੀ ਸਹਿਕਾਰੀ ਬੈਂਕਾਂ ਰਾਹੀਂ ਹੀ ਕੀਤੀਆ ਜਾਣਗੀਆਂ।

7. ਕਿਰਤ ਤੇ ਉਸਾਰੀ ਸਭਾਵਾਂ ਨੂੰ ਕਿਸੇ ਵੀ ਪ੍ਰਕਾਰ ਦੀ ਲਾਇਸੈਂਸ ਫੀਸ ਤੋਂ ਛੋਟ ਦਿੱਤੀ ਗਈ ਹੈ।

8. ਕਿਰਤ ਤੇ ਉਸਾਰੀ ਸਭਾਵਾਂ ਨੂੰ ਮੰਨਜੂਰ ਕੀਤੀਆਂ ਰਿਆਇਤਾਂ ਅਰਧ-ਸਰਕਾਰੀ, ਲੋਕਲ ਗੋਰਮਿੰਟ, ਪਬਲਿਕ ਸੈਕਟਰ ਦੀਆਂ ਕਾਰਪੋਰੇਸ਼ਨਾਂ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ;, ਕੈਨਾਲ ਲਾਇਨਿੰਗ ਵਰਕਸ, ਸਤਲੁੱਜ ਯਮੁਨਾ ਲਿੰਕ ਕੈਨਾਲ, ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ, ਪੰਜਾਬ ਸਟੇਟ ਪੁਲਿਸ ਹਾਊਸਿੰਗ ਕਾਰਪੋਰੇਸ਼ਨ, ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐਮ.ਬੀ.),ਪਨਸਪ, ਪੰਜਾਬ ਐਗਰੋ, ਫੂਡ ਅਤੇ ਸਿਵਲ ਸਪਲਾਈ, ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ, ਪੰਜਾਬ ਮੰਡੀ ਬੋਰਡ, ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਅਤੇ ਵਰਲਡ ਬੈਂਕ ਨਾਲ ਸਬੰਧਤ ਪ੍ਰੋਜੈਕਟ ਆਦਿ ਨਾਲ ਸਬੰਧਤ ਕੰਮਾਂ ਤੇ ਵੀ ਲਾਗੂ ਹੋਣਗੀਆਂ ਅਤੇ ਇਨ੍ਹਾਂ ਸਭਾਵਾਂ ਨੂੰ ਕੰਮ ਪਹਿਲ ਦੇ ਆਧਾਰ ਤੇ ਦਿੱਤੇ ਜਾਣਗੇ ।

9. ਕਿਸੇ ਵੀ ਕੰਮ ਅਲਾਟ ਕਰਨ ਵਾਲੀ ਏਜੰਸੀ ਵੱਲੋਂ ਜਾਰੀ ਕੀਤੇ ਟੈਂਡਰ ਅਤੇ ਕੁਟੇਸ਼ਨ ਨੋਟਿਸਾਂ ਦੀਆਂ ਕਾਪੀਆਂ ਲੇਬਰਫੈੱਡ, ਪੰਜਾਬ, ਜਿਲ੍ਹਾ ਸਹਿਕਾਰੀ ਕਿਰਤ ਤੇ ਉਸਾਰੀ ਸੰਘ ਅਤੇ ਸਬੰਧਤ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ ਨੂੰ ਭੇਜਣੀ ਜਰੂਰੀ ਹੋਵੇਗੀ ਅਤੇ ਇਸ ਨੂੰ ਯਕੀਨੀ ਬਣਾਇਆ ਜਾਵੇ।

10. ਕੰਮ ਦੇਣ ਵਾਲੀਆਂ ਏਜੰਸੀਆਂ ਵੱਲੋਂ ਮਸ਼ੀਨਰੀ ਤੇ ਹੋਰ ਸਾਜ਼ ਸਮਾਨ ਕਿਰਾਏ ਤੇ ਦੇਣ ਵੇਲੇ ਕਿਰਤ ਤੇ ਉਸਾਰੀ ਸਭਾਵਾਂ ਨੂੰ ਦੂਜੀਆਂ ਪ੍ਰਾਈਵੇਟ ਏਜੰਸੀਆਂ ਦੇ ਮੁਕਾਬਲੇ ਪਹਿਲ ਦਿੱਤੀ ਜਾਵੇਗੀ ।

11. ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਸਿਰਫ ਮੁੱਖ ਵਿਭਾਗ (ਪ੍ਰਿੰਸੀਪਲ ਡਿਪਾਰਟਮੈਂਟ) ਯਾਨੀ ਲੋਕ ਨਿਰਮਾਣ ਵਿਭਾਗ (ਭ ਤੇ ਮ) ਵਿੱਚ ਬਿਨ੍ਹਾਂ ਕਿਸੇ ਸ਼ਰਤ ਅਤੇ ਬਿਨ੍ਹਾਂ ਕਿਸੇ ਫੀਸ ਦੀ ਅਦਾਇਗੀ ਕੀਤੇ ਸਿਰਫ ਇੱਕ ਹੀ ਵਿਭਾਗ ਵਿੱਚ ਇਨਲਿਸਟਮੈਂਟ ਕਰਵਾਉਣਗੀਆਂ ਜੋ ਬਾਕੀ ਸਮੂਹ ਕੰਮ ਦੇਣ ਵਾਲੇ ਵਿਭਾਗਾਂ ਤੇ ਲਾਗੂ ਹੋਵੇਗੀ।

12. ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਕੋਲੋ ਈ.ਪੀ.ਐਫ. ਨੰਬਰ (EPF number) ਦੀ ਮੰਗ ਉਨ੍ਹਾਂ ਕੇਸਾਂ ਵਿੱਚ ਹੀ ਕੀਤੀ ਜਾਵੇਗੀ ਜਿਥੇ ਅਜਿਹਾ ਕਰਨਾ ਈ.ਪੀ.ਐਫ. ਐਕਟ ਅਨੁਸਾਰ ਜ਼ਰੂਰੀ ਹੋਵੇਗਾ।

ਚੰਡੀਗੜ
ਮਿਤੀ 01.10.2014

ਐਸ.ਕੇ.ਸੰਧੂ,
ਵਿੱਤੀ ਕਮਿਸ਼ਨਰ ਸਹਿਕਾਰਤਾ,
ਪੰਜਾਬ ਸਰਕਾਰ, ਸਹਿਕਾਰਤਾ ਵਿਭਾਗ।

ਨੰ: 76/52/79-ਸੀ.1(5)/4342ਏ
ਮਿਤੀ ਚੰਡੀਗੜ੍ਹ 2.10.2014

ਉਪਰੋਕਤ ਦਾ ਉਤਾਰਾ ਸਮੇਤ ਸਪੇਅਰ ਕਾਪੀਆ ਕੰਟਰੋਲਰ ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਸਰਕਾਰ ਦੇ ਗਜਟ ਵਿਚ ਛਾਪਣ ਲਈ ਭੇਜਿਆ ਜਾਂਦਾ ਹੈ।

ਬੇਨਤੀ ਕੀਤੀ ਜਾਂਦੀ ਹੈ ਕਿ ਗਜਟ ਨੋਟੀਫਿਕੇਸ਼ਨ ਦੀਆਂ 50 ਕਾਪੀਆਂ ਇਸ ਵਿਭਾਗ ਨੂੰ ਭੇਜੀਆਂ ਜਾਣ । 497

ਵਿਸ਼ੇਸ ਸਕੱਤਰ, ਸਹਿਕਾਰਤਾ

ਨੰ: 76/52/79-ਸੀ.1(5)/4343 ਮਿਤੀ ਚੰਡੀਗੜ੍ਹ 2.10.2014

ਉਪਰੋਕਤ ਦਾ ਉਤਾਰਾ:

1. ਮੁੱਖ ਇੰਜੀਨੀਅਰ, ਜਨ ਸਿਹਤ, ਪਟਿਆਲਾ।
2. ਮੁੱਖ ਇੰਜੀਨੀਅਰ, ਬਿਲਡਿੰਗ ਅਤੇ ਰੋਡ, ਪਟਿਆਲਾ।
3. ਮੁੱਖ ਇੰਜੀਨੀਅਰ, ਸਿੰਚਾਈ ਵਿਭਾਗ, ਹਾਈਡਲ ਬਿਲਡਿੰਗ ਸੈਕਟਰ-18, ਚੰਡੀਗੜ੍ਹ ।
4. ਜਨਰਲ ਮੈਨੇਜਰ, ਨਾਰਦਨ ਰੇਲਵੇ, ਬੜ੍ਹੌਦਾ ਹਾਊਸ, ਨਵੀਂ ਦਿੱਲੀ।
5. ਮੁੱਖ ਇੰਜੀਨੀਅਰ, ਸੀ.ਪੀ.ਡਬਲਓ.ਡੀ., ਚੰਡੀਗੜ੍ਹ ।
6. ਮੁੱਖ ਇੰਜੀਨੀਅਰ, ਕੈਨਾਲ ਲਾਈਨਿੰਗ, ਪੰਜਾਬ, ਚੰਡੀਗੜ੍ਹ।
7. ਮੁੱਖ ਇੰਜੀਨੀਅਰ, ਸੱਤਲੁਜ ਯਮਨਾ ਲਿੰਕ ਕੈਨਾਲ, ਪੰਜਾਬ, ਚੰਡੀਗੜ੍ਹ।
8. ਚੇਅਰਮੈਨ, ਪੰਜਾਬ ਰਾਜ ਖੇਤੀਬਾੜੀ ਮਾਰਕੀਟਿੰਗ ਬੋਰਡ, ਚੰਡੀਗੜ੍ਹ।
9. ਚੇਅਰਮੈਨ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ; ਪਟਿਆਲਾ ।
10. ਚੇਅਰਮੈਨ, ਭਾਖੜਾ ਬਿਆਸ ਮੈਨੇਜਮੈਂਟ ਬੋਰਡ, ਚੰਡੀਗੜ੍ਹ।
11. ਚੇਅਰਮੈਨ, ਪੰਜਾਬ ਐਗਰੋ, ਚੰਡੀਗੜ੍ਹ ।
12. ਪ੍ਰਬੰਧਕ ਨਿਰਦੇਸ਼ਕ, ਪੰਜਾਬ ਰਾਜ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ, ਚੰਡੀਗੜ੍ਹ।
13. ਚੇਅਰਮੈਨ, ਪਨਸਪ, ਚੰਡੀਗੜ੍ਹ।
14. ਪ੍ਰਬੰਧਕ ਨਿਰਦੇਸ਼ਕ, ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ, ਐਸ.ਏ.ਐਸ.ਨਗਰ।
15. ਸਕੱਤਰ, ਫੂਡ ਸਪਲਾਈ, ਪੰਜਾਬ, ਚੰਡੀਗੜ੍ਹ।
16. ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਪੰਜਾਬ, ਐਸ.ਏ.ਐਸ.ਨਗਰ।
17. ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।
18. ਚੇਅਰਮੈਨ, ਪੰਜਾਬ ਰਾਜ ਸਹਿਕਾਰੀ ਕਿਰਤ ਤੇ ਉਸਾਰੀ ਫੈਡਰੇਸ਼ਨ ਲਿਮ:,ਐਸ.ਸੀ.ਓ.ਨੰ:2, ਫੇਜ਼-2, ਇੰਡਸਟ੍ਰੀਅਲ ਏਰੀਆ, ਚੰਡੀਗੜ੍ਹ।
19. ਚੇਅਰਮੈਨ, ਦੀ ਜਲੰਧਰ ਜਿਲ੍ਹਾ ਸਹਿਕਾਰੀ ਕਿਰਤ ਤੇ ਉਸਾਰੀ ਯੂਨੀਅਨ ਲਿਮ:,206/5, ਸ਼ਾਸਤਰੀ ਮਾਰਕੀਟ, ਜਲੰਧਰ।
20. ਚੇਅਰਮੈਨ, ਦੀ ਬਠਿੰਡਾ ਜਿਲ੍ਹਾ ਸਹਿਕਾਰੀ ਕਿਰਤ ਤੇ ਉਸਾਰੀ ਯੂਨੀਅਨ ਲਿਮ:, 389-ਪਾਵਰ ਹਾਊਸ ਰੋਡ, ਬਠਿੰਡਾ ।

ਨੂੰ ਇਸ ਵਿਭਾਗ ਦੇ ਨੋਟੀਫਿਕੇਸ਼ਨ ਨੰਬਰ ਪਿੱ:ਅੰ:ਨੰ:76/52/79-ਸੀ.1/(5)/5026 ਮਿਤੀ 11.7.2011 ਦੇ ਹਵਾਲੇ ਵਿਚ ਸੂਚਨਾਂ ਹਿੱਤ ।

ਵਿਸ਼ੇਸ਼ ਸਕੱਤਰ, ਸਹਿਕਾਰਤਾ

ਅੰ:ਵਿ:ਪੱ:ਨੰ:76/52/79-ਸੀ.1(5)/4344 ਮਿਤੀ ਚੰਡੀਗੜ੍ਹ 2.10.2014

ਉਪਰੋਕਤ ਦਾ ਉਤਾਰਾ:-

1. ਸਕੱਤਰ, ਪੰਜਾਬ ਸਰਕਾਰ, ਲੋਕ ਨਿਰਮਾਣ ਵਿਭਾਗ, ਚੰਡੀਗੜ੍ਹ।
2. ਸਕੱਤਰ, ਪੰਜਾਬ ਸਰਕਾਰ, ਸਥਾਨਿਕ ਸਰਕਾਰ ਵਿਭਾਗ, ਚੰਡੀਗੜ੍ਹ।

ਨੂੰ ਇਸ ਵਿਭਾਗ ਦੇ ਨੋਟੀਫਿਕੇਸ਼ਨ ਨੰਬਰ ਪਿੱ:ਅੰ:ਨੰ: 76/52/79-ਸੀ.1(5)/ 5027 ਮਿਤੀ 11.7.2011 ਦੇ ਹਵਾਲੇ ਵਿਚ ਸੂਚਨਾਂ ਹਿੱਤ ।

ਵਿਸ਼ੇਸ਼ ਸਕੱਤਰ, ਸਹਿਕਾਰਤਾ

ਅੰ:ਵਿ:ਪੱ:ਨੰ: 76/52/79-ਸੀ.1(5)/4344ਏ ਮਿਤੀ ਚੰਡੀਗੜ੍ਹ 2.10.2014

ਉਪਰੋਕਤ ਦਾ ਉਤਾਰਾ:-

1. ਸਕੱਤਰ, ਪੰਜਾਬ ਸਰਕਾਰ, ਲੋਕ ਨਿਰਮਾਣ ਵਿਭਾਗ, ਚੰਡੀਗੜ੍ਹ।
2. ਸਕੱਤਰ, ਪੰਜਾਬ ਸਰਕਾਰ, ਸਥਾਨਿਕ ਸਰਕਾਰ ਵਿਭਾਗ, ਚੰਡੀਗੜ੍ਹ।

ਸਹਿਕਾਰਤਾ ਮੰਤਰੀ ਅਤੇ ਵਿੱਤੀ ਕਮਿਸ਼ਨਰ, ਸਹਿਕਾਰਤਾ ਜੀ ਦੀ ਸੂਚਨਾਂ ਲਈ ਭੇਜਿਆ ਜਾਂਦਾ ਹੈ।

ਵਿਸ਼ੇਸ਼ ਸਕੱਤਰ, ਸਹਿਕਾਰਤਾ

ਪਿੱ:ਅੰ:ਨੰ:76/52/79-ਸੀ.1(5)/4344ਬੀ ਮਿਤੀ ਚੰਡੀਗੜ੍ਹ 2.10.2014

ਉਪਰੋਕਤ ਦਾ ਇਕ ਉਤਾਰਾ ਸਮੂਹ ਡਿਪਟੀ ਕਮਿਸ਼ਨਰ, ਪੰਜਾਬ ਰਾਜ ਨੂੰ ਇਸ ਵਿਭਾਗ ਦੇ ਪਿੱ:ਅੰ:ਨੰ:76/52/79-ਸੀ.1(5)/5029 ਮਿਤੀ 11.7.2011 ਦੇ ਹਵਾਲੇ ਵਿਚ ਸੂਚਨਾਂ ਹਿੱਤ।

ਵਿਸ਼ੇਸ਼ ਸਕੱਤਰ, ਸਹਿਕਾਰਤਾ